# ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਪੀ.ਐਸ.ਈ.ਬੀ. ਕੰਪਲੈਕਸ, ਈ-ਬਲਾਕ, ਪੰਜਵੀਂ ਮੰਜ਼ਿਲ, ਫੇਜ਼-8, ਜ਼ਿਲ੍ਹਾ ਅਜੀਤਗੜ੍ਹ।

ਵੱਲ

1 ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ
2 ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ.)
3 ਰਾਜ ਦੇ ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ
4 ਰਾਜ ਦੇ ਸਮੂਹ ਸਕੂਲਾਂ ਦੇ ਮੁੱਖੀ (ਵੈਬ ਸਾਈਟ ਦੇ ਰਾਹੀਂ)

ਪੱਤਰ ਨੰ: 2013/ਡੀ.ਜੀ.ਐਸ.ਈ./ਇੰਸਪੈਕਸ਼ਨ/008505-08
ਮਿਤੀ ਅਜੀਤਗੜ੍ਹ :08 ਮਈ 2013

**ਵਿਸ਼ਾ:- ਸਲਾਨਾ ਇੰਸਪੈਕਸ਼ਨ ਸਬੰਧੀ ਹਦਾਇਤਾਂ।**

ਸਿੱਖਿਆ ਵਿਭਾਗ ਵਲੋਂ ਕੀਤੇ ਸਰਵੇਖਣਾ ਅਨੁਸਾਰ ਸਕੂਲਾਂ ਦੀ ਅਚਾਨਕ ਨਿਰੀਖਣ ਨਾਲੋਂ ਸਲਾਨਾ ਇੰਸਪੈਕਸ਼ਨ ਦੇ ਨਤੀਜੇ ਜਿਆਦਾ ਪ੍ਰਭਾਵਸ਼ਾਲੀ ਅਤੇ ਲੰਬੇ ਸਮੇਂ ਤੱਕ ਪ੍ਰਭਾਵ ਛੱਡਣ ਵਾਲੇ ਮਹਿਸੂਸ ਕੀਤੇ ਗਏ। ਇਸ ਤੋਂ ਇਲਾਵਾ ਸਕੂਲ ਵਿੱਚ ਪੈਡਿੰਗ ਪਏ ਕੰਮਾਂ ਨੂੰ ਵੀ ਪੂਰਾ ਕਰਨ ਦਾ ਮੌਕਾ ਮਿਲ ਜਾਂਦਾ ਹੈ ਅਤੇ ਉਤਸ਼ਾਹ ਪੂਰਵਕ ਸਾਰੇ ਅਧਿਆਪਕ, ਸਿੱਖਣ ਅਤੇ ਅਧਿਆਪਨ ਪ੍ਰਕ੍ਰਿਆ ਨੂੰ ਸੁਧਾਰਨ ਲਈ ਚੁਸਤ ਹੋ ਜਾਂਦੇ ਹਨ। ਇਸ ਗੱਲ ਨੂੰ ਮੱਦੇਨਜ਼ਰ ਰੱਖਦਿਆਂ ਹੋਇਆ ਮੁੱਖ ਦਫਤਰ ਵੱਲੋਂ ਸਾਰੀਆਂ ਮੰਡਲ ਨਿਰੀਖਣ ਟੀਮਾਂ ਅਤੇ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ.)/ਜਿਲ੍ਹਾ ਸਾਇੰਸ ਸੁਪਰਵਾਈਜ਼ਰ ਵੱਲੋਂ ਦਿੱਤਾ ਗਿਆ ਸਲਾਨਾ ਨਿਰੀਖਣ ਦਾ ਕੈਲੰਡਰ ਸਕੂਲ ਮੁੱਖੀਆਂ ਦੀ ਸਹੂਲਤ ਲਈ **website** ਤੇ ਪਾਇਆ ਜਾ ਚੁੱਕਾ ਹੈ।

**ਇਸ ਸਬੰਧੀ ਸਲਾਨਾ ਨਿਰੀਖਣ ਲਈ ਹੇਠ ਲਿਖੇ ਨਿਯਮਾਂ ਦੀ ਪਾਲਣਾ ਕੀਤੀ ਜਾਏਗੀ:**

- ਇੱਕ ਦਿਨ ਵਿੱਚ ਇੱਕ ਹੀ ਸਕੂਲ ਨਿਰੀਖਤ ਕੀਤਾ ਜਾਵੇਗਾ। ਇਹ ਸਲਾਨਾ ਨਿਰੀਖਣ ਸਕੂਲ ਦੀ ਸਮੇਂ ਸਾਰਣੀ ਮੁਤਾਬਿਕ ਦੂਸਰੇ ਪੀਰੀਅਡ ਤੋਂ ਸ਼ੁਰੂ ਹੋ ਕੇ ਸੱਤਵੇਂ ਪੀਰੀਅਡ ਤੱਕ ਚੱਲੇਗਾ।
- ਜਿਹੜਾ ਵੀ ਵਿਸ਼ਾ ਮਾਹਿਰ ਜਿਸ ਵੀ ਜਮਾਤ ਵਿੱਚ ਜਾਵੇ ਉਹ ਸਾਰਾ ਪੀਰੀਅਡ ਉਸ ਜਮਾਤ ਦੀ ਸਿੱਖਣ ਪ੍ਰੀਕ੍ਰਿਆ ਦਾ ਨਿਰੀਖਣ ਕਰੇਗਾ। ਵਿਦਿਆਰਥੀਆ ਦਾ ਮੌਕੇ ਤੇ ਟੈਸਟ ਲਿਆ ਜਾਵੇਗਾ, ਕਾਪੀਆ ਦੀ ਅਤੇ ਅਧਿਆਪਕ ਡਾਇਰੀ ਦੀ ਘੋਖ ਕੀਤੀ ਜਾਵੇਗੀ। ਨਿਰੀਖਣ ਟੀਮ ਦੁਆਰਾ ਵਿਦਿਆਰਥੀਆਂ ਦੇ comprehension ਤੇ ਵੀ ਟਿੱਪਣੀ ਕੀਤੀ ਜਾਵੇਗੀ.
- ਜੇਕਰ ਇੱਕ ਵਿਸ਼ੇ ਦਾ ਇੱਕ ਹੀ ਅਧਿਆਪਕ ਹੈ ਤਾਂ ਨਿਰੀਖਣ ਟੀਮ ਦਾ ਵਿਸ਼ਾ ਮਾਹਿਰ ਉਸਦੇ ਪੀਰੀਅਡ ਮੁਤਾਬਿਕ ਉਸ ਨਾਲ ਪੀਰੀਅਡ ਵਿਚ ਜਾਵੇਗਾ। ਜੇਕਰ ਸਕੂਲ ਵਿਚ ਇੱਕ ਤੋਂ ਵੱਧ ਵਿਸ਼ਾ ਅਧਿਆਪਕ ਹਨ ਤਾਂ ਵਾਰੀ ਵਾਰੀ ਇੱਕ-ਇੱਕ ਵਿਸ਼ਾ ਅਧਿਆਪਕ ਨਾਲ ਵੱਖਰੇ-ਵੱਖਰੇ ਪੀਰੀਅਡ ਵਿਚ ਵੱਖਰੀ-ਵੱਖਰੀ ਜਮਾਤ ਵਿਚ ਜਾਵੇਗਾ ਤਾਂ ਜੋ ਹਰੇਕ ਵਿਸ਼ਾ ਅਧਿਆਪਕ ਦੀ ਜਮਾਤ ਚੈਕ ਹੋ ਸਕੇ।
- ਨਿਰੀਖਣ ਦੋਰਾਨ ਵਿਸ਼ੇਸ਼ ਫੋਕਸ, ਵਿਦਿਆਰਥੀਆਂ ਦੀ ਪੜ੍ਹਾਈ ਦੇ ਪੱਧਰ ਸਵੇਰ ਦੀ ਸਭਾ ਅਤੇ ਜਨਰਲ ਅਨੁਸ਼ਾਸ਼ਨ, ਟੀ. ਐਲ. ਐਮ. ਦੀ ਵਰਤੋਂ ਅਤੇ ਰਿਕਾਰਡ ਦਾ ਪੂਰਾ ਹੋਣਾ, ਸਾਇੰਸ, ਮੈਥ ਅਤੇ

ਕੰਪਿਊਟਰ ਲੈਬਜ਼ ਦੀ ਵਰਤੋਂ ਅਤੇ ਸਾਫ ਸਫਾਈ, ਜਮਾਤਾਂ ਦੇ ਕਮਰਿਆਂ ਵਿਚ ਸਿਲੇਬਸ, ਕਲਾਸ ਟਾਈਮ ਟੇਬਲ ਅਤੇ ਹਰ ਵਿਸ਼ੇ ਦੇ ਚਾਰਟਾਂ ਦਾ ਲਗੇ ਹੋਣਾ, ਸਿੱਖਣ-ਅਧਿਆਪਨ ਪ੍ਰੀਕ੍ਰਿਆ ਪ੍ਰਭਾਵਸ਼ਾਲੀ ਹੈ ਕਿ ਨਹੀਂ, ਅਧਿਆਪਕ ਆਪਣੀ ਜਮਾਤ ਵਿਚ ਅਗਾਊ ਤਿਆਰੀ ਨਾਲ ਜਾਂਦਾ ਹੈ ਜਾਂ ਨਹੀਂ, ਰ.ਮ.ਸ.ਅ/ਸ.ਸ.ਅ. ਅਤੇ ਹੋਰ ਫੰਡਜ਼ ਕੈਸ਼ ਬੁਕਸ, ਜੀ.ਪੀ.ਐਫ., ਜੀ.ਆਈ.ਐਸ. ਅਤੇ ਸਰਵਿਸ ਬੁਕਸ ਦੀ ਚੈਕਿੰਗ ਵੀ ਮੁੱਖ ਫੋਕਸ ਰਹੇਗਾ।

- ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਨਿਰੀਖਣ ਪ੍ਰੋਫਾਰਮੇ ਨੂੰ ਵੈੱਬ ਸਾਈਟ ਤੋਂ ਡਾਓਨ ਲੋਡ ਕਰ ਲਿਆ ਜਾਵੇ ਅਤੇ ਇਸ ਅਨੁਸਾਰ ਆਪਣੇ ਜ਼ਿਲ੍ਹੇ ਦੇ ਸਕੂਲ/ਆਪਣੇ ਸਕੂਲ ਦੇ ਸਾਲਾਨਾ ਨਿਰੀਖਣ ਦੀ ਤਿਆਰੀ ਸ਼ੁਰੂ ਕਰ ਦਿੱਤੀ ਜਾਵੇ।

- ਮੈਨੂੰ ਪੂਰੀ ਉਮੀਦ ਹੈ ਕਿ ਆਪਣੇ ਜ਼ਿਲ੍ਹੇ ਦੇ ਸਕੂਲ/ਆਪਣੇ ਸਕੂਲ ਦੇ ਨਿਰੀਖਣ ਉਪਰੰਤ ਨਿਰੀਖਣ ਟੀਮ ਵੱਲੋਂ ਵਧੀਆ ਨਿਰੀਖਣ ਰਿਪੋਰਟ ਇਸ ਦਫਤਰ ਨੂੰ ਪ੍ਰਾਪਤ ਹੋਵੇਗੀ।

ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ, ਅਜੀਤਗੜ੍ਹ।